# ਜਿਆਦਾ ਮੁਨਾਫੇ ਲਈ ਪੇਠੇ ਦੀ ਖੇਤੀ




ਐੱਸ. ਸੀ. ਸ਼ਰਮਾ, ਵਿਜੇ ਕੁਮਾਰ, ਵਿਵੇਕ ਸ਼ਰਮਾ, ਅਨਿਲ ਖੋਖਰ,
ਜੀ ਰਵਿੰਦਰਾ ਚੇਰੀ ਅਤੇ ਮਨਮੋਹਨਜੀਤ ਸਿੰਘ

**ਸਰਬ ਭਾਰਤੀ ਬਰਾਨੀ ਖੇਤੀ ਖੋਜ ਪਰਿਯੋਜਨਾ-ਬੱਲੋਵਾਲ ਸੌਂਖੜੀ**

## ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ

(ਪੰਜਾਬ ਖੇਤੀਬਾੜੀ ਯੂਨੀਵਰਸਿਟੀ)

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

# ਜਿਆਦਾ ਮੁਨਾਫੇ ਲਈ ਪੇਠੇ ਦੀ ਖੇਤੀ

ਪੰਜਾਬ ਦਾ ਅਰਧ ਪਹਾੜੀ ਇਲਾਕਾ ਜਿਸਨੂੰ ਕਿ ਕੰਢੀ ਖੇਤਰ ਕਿਹਾ ਜਾਂਦਾ ਹੈ, ਪੂਰੇ ਪੰਜਾਬ ਦਾ 7.8% ਹਿੱਸਾ ਹੈ । ਇਹ ਖੇਤਰ ਬਾਕੀ ਸੇਂਜੂ ਪੰਜਾਬ ਨਾਲੋਂ ਵਿਲੱਖਣ ਹੈ । ਇਸ ਖੇਤਰ ਦੀ ਵਿਸੇਸ਼ਤਾ ਇਹ ਹੈ ਕਿ ਇਥੇ ਬਰਸਾਤ ਦੀ ਅਨਿਸਚਿਤਤਾ ਬਣੀ ਰਹਿੰਦੀ ਹੈ ਕਿਸਾਨੀ ਹੇਠ ਥੋੜੀਆਂ ਅਤੇ ਖਿੰਡੀਆਂ ਹੋਈਆਂ ਜਮੀਨਾਂ ਹਨ ।ਜਮੀਨਾਂ ਢਲਾਣ ਵਾਲੀਆਂ ਅਤੇ ਜਿਆਦਾ ਭੂ ਖੋਰ ਹੈ ਅਤੇ ਜਮੀਨ ਦੀ ਉਜਾਊ ਸ਼ਕਤੀ ਅਤੇ ਨਮੀ ਸੋਖਣ ਦੀ ਸਮਰਥਾ ਘੱਟ ਹੈ । ਕੰਢੀ ਖੇਤਰ ਵਿਚ ਮੱਕੀ ਸਾਉਣੀ ਦੀ ਰੁੱਤ ਦੀ ਮੁੱਖ ਫਸਲ ਹੈ ਅਤੇ ਇਹ ਸਾਉਣੀ ਵਿਚ ਕੁਲ ਫਸਲੀ ਖੇਤਰ ਦਾ 70% ਹਿੱਸਾ ਹੈ । ਬਰਸਾਤ ਦੀ ਅਨਿਯਮਤਤਾ ਅਤੇ ਸਾਧਨਾਂ ਦੀ ਕਮੀ ਕਰਕੇ ਮੱਕੀ ਦੀ ਫਸਲ ਦਾ ਝਾੜ ਬਹੁਤ ਘੱਟ ਹੈ ।ਇਸ ਤੋਂ ਇਲਾਵਾ ਅਵਾਰਾ ਅਤੇ ਜੰਗਲੀ ਜਾਨਵਰਾਂ ਦੁਆਰਾ ਇਸ ਫਸਲ ਦਾ ਬਹੁਤ ਜਿਆਦਾ ਨੁਕਸਾਨ ਕੀਤਾ ਜਾਂਦਾ ਹੈ ।

ਇਸ ਖੇਤਰ ਵਿਚ ਫਸਲ ਫੇਲ ਹੋਣਾਂ ਇੱਕ ਆਮ ਸਮੱਸਿਆ ਬਣ ਗਈ ਹੈ ਅਤੇ ਕਿਸਾਨਾਂ ਨੇ ਆਪਣੀਆਂ ਕਾਫੀ ਵਾਹੀ ਯੋਗ ਜਮੀਨਾਂ ਨੂੰ ਖਾਲੀ ਰੱਖਣਾ ਸ਼ੁਰੂ ਕਰ ਦਿੱਤਾ ਹੈ । ਸਾਲ 2010 ਦੌਰਾਨ ਸਰਬ ਭਾਰਤੀ ਬਰਾਨੀ ਖੇਤੀ ਕੌਮੀ ਖੋਜ ਪ੍ਰਯੋਜਨਾ ਦੇ ਸੈਂਟਰ ਬੱਲੋਵਾਲ ਸੌਂਖੜੀ ਵਲੋਂ ਬਰਾਨੀ ਖੇਤੀ ਲਈ ਕੇਂਦਰੀ ਖੋਜ ਸੰਸਥਾ ਵਲੋਂ ਪ੍ਰਯੋਜਿਤ ਨਿਕਰਾ (NICRA) ਪ੍ਰੋਜੈਕਟ ਜਿਲਾ ਹੁਸ਼ਿਆਰਪੁਰ ਦੀ ਤਹਿਸੀਲ ਗੜਸ਼ੰਕਰ ਦੇ ਪਿੰਡ ਅੱਚਲਪੁਰ ਅਤੇ ਨੈਣਵਾਂ ਵਿਚ ਸ਼ੁਰੂ ਕੀਤਾ ਗਿਆ । ਨਿਕਰਾ ਪ੍ਰੋਜੈਕਟ ਅਧੀਨ, ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ ਵਲੋਂ ਵਿਕਸਤ ਬਰਾਨੀ ਖੇਤੀ ਤਕਨੀਕਾਂ ਨੂੰ ਪਿੰਡ ਨੈਣਵਾਂ ਤੇ ਅਚਲਪੁਰ ਦੇ ਕਿਸਾਨਾਂ ਦੇ ਖੇਤਾਂ ਤੇ ਪਹੁੰਚਾਇਆ ਜਾ ਰਿਹਾ ਹੈ । ਟਰੇਨਿੰਗ ਪ੍ਰੋਗਰਾਮ ਅਤੇ ਜਾਗਰੁਕਤਾ ਕੈਂਪ ਵੀ ਲਗਾਏ ਜਾ ਰਹੇ ਹਨ । ਨਿਕਰਾ ਪਿੰਡ ਵਿਚ ਕਿਸਾਨਾਂ ਦੀ ਭਲਾਈ ਲਈ ਆਧੁਨਿਕ ਖੇਤੀ ਸੰਦਾਂ ਨੂੰ ਪ੍ਰਚਲਿਤ ਕਰਨ ਲਈ ਕਿਰਾਏ ਤੇ ਦੇਣ ਵਾਲਾ ਸੈਂਟਰ ਸਥਾਪਿਤ ਕੀਤਾ ਗਿਆ ਤਾਂ ਕਿ ਆਧੁਨਿਕ ਤਕਨੀਕਾਂ ਦੀ ਵਰਤੋਂ ਜਿਆਦਾ ਹੋਵੇ ਅਤੇ ਖੇਤੀ ਤੇ ਹੋਣ ਵਾਲੇ ਖਰਚ ਨੂੰ ਘਟਾਇਆ ਜਾ ਸਕੇ । ਨਿਕਰਾ ਪ੍ਰੋਜੈਕਟ ਸ਼ੁਰੂ ਹੋਣ ਤੋਂ ਪਹਿਲਾ ਕੁਝ ਕੁ ਕਿਸਾਨ ਹੀ ਪੇਠੇ ਦੀ ਕਾਸ਼ਤ ਕਰ ਰਹੇ ਸਨ । ਉਸ ਸਮੇਂ ਇਸ ਫਸਲ ਦੇ ਫਲ ਦੇ ਅਕਾਰ, ਝਾੜ ਅਤੇ ਉਤਪਾਦਨ ਦੇ ਮੁੱਲ ਵਿਚ ਕਾਫੀ ਅੰਤਰ ਸੀ ।

## ਪੇਠੇ ਦੀ ਖੇਤੀ

ਪੇਠਾ ਇੱਕ ਨਿੱਘੇ ਮੌਸਮ ਦੀ ਫਸਲ ਹੈ ਅਤੇ ਇਸਦੇ ਫਲ ਜਿਆਦਾਤਰ ਮਠਿਆਈ ਬਣਾਉਣ ਲਈ ਵਰਤੇ ਜਾਂਦੇ ਹਨ । ਪੇਠੇ ਦੇ ਫਲ ਤੇ ਚਿੱਟੀ ਅਤੇ ਚਾਕੀ ਮੋਮ ਦੀ ਪਰਤ ਹੁੰਦੀ ਹੈ ਜਿਹੜੀ ਜਿਵਾਣੂਆਂ ਨੂੰ ਰੋਕਦੀ ਹੈ ਅਤੇ ਫਲ ਨੂੰ ਲੰਮੇ ਸਮੇਂ ਤੱਕ ਠੀਕ ਰਖਦੀ ਹੈ । ਪੇਠੇ ਦੇ ਵਾਧੇ ਲਈ ਸਭ ਤੋਂ ਅਨੁਕੂਲ ਤਾਪਮਾਨ 22-35° C ਹੈ ਅਤੇ ਇਹ ਕੋਰੇ ਅਤੇ ਜਿਆਦਾ ਸਰਦੀਆਂ ਲਈ ਸੰਵੇਦਨਸ਼ੀਲ ਹੈ । ਪੇਠੇ ਦੀ ਬਿਜਾਈ ਲਈ ਵਧੀਆ ਸਮਾਂ ਫਰਵਰੀ-ਮਾਰਚ ਅਤੇ ਜੂਨ-ਜੁਲਾਈ ਹੈ । ਬਰਾਨੀ ਹਲਾਤਾਂ ਵਿਚ ਇਸ ਦੀ ਬਿਜਾਈ ਮਈ-ਜੂਨ ਵਿਚ ਪਏ ਪਹਿਲੇ ਮੀਂਹ ਤੋਂ ਬਾਅਦ ਕੀਤੀ ਜਾ ਸਕਦੀ ਹੈ । ਪੇਠੇ ਦੀ ਕਾਸ਼ਤ ਲਈ 10-15 ਟਨ ਚੰਗੀ ਤਰਾਂ ਗਲੀ ਹੋਈ ਰੂੜੀ ਦੀ ਖਾਦ ਅਤੇ 100 ਕਿਲੋ ਨਾਈਟਰੋਜਨ, 50 ਕਿਲੋ ਫਾਸਫੋਰਸ ਅਤੇ 50 ਕਿਲੋ ਪੋਟਾਸ਼ੀਅਮ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਪਾਉਣ ਦੀ ਸ਼ਿਫਾਰਸ਼ ਕੀਤੀ ਗਈ ਹੈ । ਰੂੜੀ, ਫਾਸਫੋਰਸ ਅਤੇ ਪੋਟਾਸ਼ੀਅਮ ਦੀ ਪੂਰੀ ਮਾਤਰਾ ਅਤੇ ਨਾਈਟ੍ਰੋਜਨ ਦੀ ਅੱਧੀ ਮਾਤਰਾ ਬੈਡ/ਟੋਆ ਤਿਆਰ ਕਰਨ ਸਮੇਂ ਪਾਉ ਅਤੇ ਬਾਕੀ ਬਚਦੀ ਅੱਧੀ ਨਾਈਟਰੋਜਨ ਫੁੱਲ ਲੱਗਣ ਸਮੇਂ ਪਾਉ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਪੇਠੇ ਦੀ ਪੀ. ਏ. ਜੀ. -3 ਕਿਸਮ ਦੀ ਸਿਫਾਰਸ਼ ਕੀਤੀ ਗਈ ਹੈ ।

ਪ੍ਰਾਈਵੇਟ ਬੀਜ ਕੰਪਨੀਆਂ ਦੀਆਂ ਪੇਠੇ ਦੀਆਂ ਦੋਗਲੀਆਂ ਕਿਸਮਾਂ ਵੀ ਮਾਰਕੀਟ ਵਿਚ ਉਪਲੱਬਧ ਹਨ। ਪੇਠੇ ਲਈ ਸਿਫਾਰਸ਼ ਬੀਜ ਦਰ 4-5 ਕਿਲੋ ਪ੍ਰਤੀ ਹੈਕਟੇਅਰ ਹੈ। ਕਤਾਰ ਤੋਂ ਕਤਾਰ ਦਾ ਫਾਸਲਾ 3.0 ਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 0.8 ਤੋਂ 0.9 ਮੀਟਰ ਰਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਹਰ ਥਾਂ ਤੇ 2-3 ਬੀਜ ਲਗਾਏ ਜਾਣ। ਬੀਜ ਨੂੰ 7-8 ਘੰਟੇ ਆਮ ਪਾਣੀ ਵਿਚ ਭਿਉਂ ਕੇ ਰੱਖੋ ਅਤੇ ਫਿਰ 2 ਘੰਟਿਆਂ ਲਈ 0.2% ਬੈਵਿਸਟਨ ਘੋਲ ਨਾਲ ਸੋਧਣ ਨਾਲ ਫਸਲ ਦੀ ਜੰਮਣ ਦਰ ਵਧਦੀ ਹੈ ਅਤੇ ਫਸਲ ਨੂੰ ਜਮੀਨ ਤੋਂ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ। ਪੇਠੇ ਦੀ ਪਨੀਰੀ ਪਲਾਸਟਿਕ ਦੇ ਲਿਫਾਫਿਆਂ ਵਿਚ ਵੀ ਤਿਆਰ ਕੀਤੀ ਜਾ ਸਕਦੀ ਹੈ ਅਤੇ 10-15 ਸੈਂਟੀਮੀਟਰ ਲੰਬੀਆਂ ਵੇਲਾਂ ਨੂੰ 15-20 ਦਿਨਾਂ ਬਾਅਦ ਖੇਤ ਵਿਚ ਲਗਾਇਆ ਜਾ ਸਕਦਾ ਹੈ। ਪੇਠੇ ਦੀ ਫਸਲ ਦੇ ਵਧੇਰੇ ਝਾੜ ਲਈ ਦੋ ਹਫਤਿਆਂ ਬਾਅਦ ਕਮਜੋਰ ਬੂਟਿਆਂ ਨੂੰ ਪੁੱਟ ਦਿਉ ਅਤੇ ਪ੍ਰਤੀ ਥਾਂ 2 ਬੂਟੇ ਹੀ ਰਖੋ। ਫਸਲ ਦੇ ਵਾਧੇ ਦੀ ਜਾਂ ਸ਼ੁਰੂਆਤੀ ਅਵਸਥਾਵਾਂ ਵਿਚ ਹਰ ਹਫਤੇ ਅਤੇ ਫੁੱਲ ਕੱਢਣ ਸਮੇਂ ੩-੪ ਦਿਨਾਂ ਬਾਅਦ ਸਿੰਚਾਈ ਦੀ ਲੋੜ ਹੈ। ਬਰਸਾਤਾਂ ਦੌਰਾਨ ਬੂਟੇ ਨੂੰ ਬਚਾਉਣ ਲਈ ਅਤੇ ਬੂਟੇ ਦੇ ਵਾਧੇ ਲਈ ਖੇਤ ਵਿਚੋਂ ਵਾਧੂ ਪਾਣੀ ਦਾ ਨਿਕਾਸ ਕਰਨਾ ਬਹੁਤ ਜਰੂਰੀ ਹੈ। ਪੇਠਾ ਪਰ-ਪਰਾਗ ਫਸਲ ਹੈ। ਕੀੜੇ ਖਾਸ ਤੌਰ ਤੇ ਸ਼ਹਿਦ ਦੀਆਂ ਮੱਖੀਆਂ ਪਰ ਪਰਾਗਣ ਵਿਚ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ, ਇਸ ਲਈ ਫੁੱਲਾਂ ਦੀ ਅਵਸਥਾ ਦੌਰਾਨ ਨਦੀਨ ਨਾਸ਼ਕਾਂ ਦੇ ਛਿੜਕਾਅ ਤੋਂ ਗੁਰੇਜ ਕਰੋ। ਇਸਦੇ ਫਲ ਤੁੜਾਈ ਲਈ 120-150 ਦਿਨਾਂ ਬਾਅਦ ਤਿਆਰ ਹੋ ਜਾਂਦੇ ਹਨ। ਪੇਠੇ ਦੀ ਫਸਲ ਦਾ ਔਸਤਨ ਝਾੜ 35-45 ਟਨ ਪ੍ਰਤੀ ਹੈਕਟੇਅਰ ਹੈ।

### ਪੇਠੇ ਦੀ ਖੇਤੀ ਦੇ ਪਸਾਰ ਲਈ ਨਿਕਰਾ ਦਾ ਯੋਗਦਾਨ

ਨਿਕਰਾ ਅਧੀਨ ਪਿੰਡਾਂ ਵਿਚ ਪੇਠੇ ਦੀ ਖੇਤੀ ਦੇ ਪਸਾਰ ਲਈ ਪਿਛਲੇ ਤਿੰਨ ਸਾਲਾ ਤੋਂ (2012-2014) ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ ਦੀ ਤਕਨੀਕੀ ਦੇਖ ਰੇਖ ਹੇਠ ਪੇਠੇ ਦੀ ਖੇਤੀ ਸਬੰਧੀ ਸਮੂਹਿਕ ਪਹੁੰਚ ਅਪਣਾਈ ਗਈ। ਕਿਸਾਨਾਂ ਨੂੰ ਵਧੀਆ ਕੁਆਲਟੀ ਦਾ ਬੀਜ ਦਿੱਤਾ ਗਿਆ ਅਤੇ ਪੇਠੇ ਦੀ ਖੇਤੀ ਸਬੰਧੀ ਖੇਤਾਂ ਦੇ ਦੌਰੇ, ਖੇਤ ਦਿਵਸ ਅਤੇ ਪ੍ਰਦਰਸ਼ਨੀਆਂ ਲਗਾ ਕੇ ਤਕਨੀਕੀ ਜਾਣਕਾਰੀ ਦਿੱਤੀ ਗਈ। ਇਹਨਾਂ ਪਿੰਡਾਂ ਵਿਚ ਪੇਠੇ ਦਾ ਝਾੜ 26-33.8 ਟਨ ਪ੍ਰਤੀ ਹੈਕਟੇਅਰ ਰਿਹਾ। ਸਾਲ 2012 ਵਿਚ ਔਸਤਨ 30.5 ਟਨ ਪ੍ਰਤੀ ਹੈਕਟੇਅਰ ਨਾਲ ਅਸਲ ਲਾਭ 39,275 ਰੁਪਏ ਪ੍ਰਤੀ ਹੈਕਟੇਅਰ ਅਤੇ ਸਾਲ 2014 ਵਿਚ 77,994 ਰੁਪਏ ਪ੍ਰਤੀ ਹੈਕਟੇਅਰ ਹੋਇਆ। ਵੱਖ-ਵੱਖ ਸਾਲਾਂ ਵਿਚ ਲਾਭ ਕੀਮਤ ਅਨੁਪਾਤ 3.98 ਤੋਂ 5.12 (ਔਸਤਨ 4.50) ਰਿਹਾ।

ਪੇਠੇ ਦਾ ਮੁੱਲ ਹਰ ਸਾਲ 5-10 ਰੁਪਏ ਪ੍ਰਤੀ ਕਿੱਲੋ ਤੱਕ ਰਹਿੰਦਾ ਹੈ। ਇਸ ਫਸਲ ਦਾ ਮੁੱਖ ਫਾਇਦਾ ਇਹ ਹੈ ਕਿ ਇਹ ਠੇਕੇਦਾਰਾਂ ਦੁਆਰਾ ਖੇਤ ਵਿਚ ਹੀ ਖਰੀਦੀ ਜਾਂਦੀ ਹੈ ਜਿਸ ਨਾਲ ਤੁੜਾਈ ਅਤੇ ਮੰਡੀ ਵਿਚ ਲਿਜਾਣ ਦੇ ਖਰਚੇ ਦੀ ਬੱਚਤ ਹੁੰਦੀ ਹੈ। ਮੱਕੀ ਦੇ ਮੁਕਾਬਲੇ ਇਸ ਫਸਲ ਨੂੰ ਜੰਗਲੀ ਅਤੇ ਅਵਾਰਾ ਪਸ਼ੂਆਂ ਦੁਆਰਾ ਘੱਟ ਨੁਕਸਾਨਿਆ ਜਾਂਦਾ ਹੈ।

**ਨਿਕਰਾ ਦੇ ਅੱਚਲਪੁਰ ਤੇ ਨੈਣਵਾਂ ਪਿੰਡ ਵਿਚ ਪੇਠੇ ਦਾ ਉਤਪਾਦਨ ਅਤੇ ਲਾਭ**

| ਸਾਲ | ਝਾੜ (ਟਨ ਪ੍ਰਤੀ ਹੈਕਟੇਅਰ | ਖੇਤੀ ਦੀ ਲਾਗਤ (ਰੁਪਏ ਪ੍ਰਤੀ ਹੈਕਟੇਅਰ) | ਕੁੱਲ ਵਾਪਸੀ (ਰੁਪਏ ਪ੍ਰਤੀ ਹੈਕਟੇਅਰ ) | ਲਾਭ (ਰੁਪਏ/ਹੈਕਟੇਅਰ) | ਲਾਭ ਮੁੱਲ ਅਨੁਪਾਤ |
|---|---|---|---|---|---|
| 2012 | 33.9 | 11500 | 50775 | 39275 | 4.41 |
| 2013 | 31.5 | 15823 | 62964 | 47141 | 3.98 |
| 2014 | 26.0 | 15225 | 77994 | 62769 | 5.12 |
| ਔਸਤਨ | 30.5 | 14183 | 63911 | 49728 | 4.50 |

## ਪ੍ਰਭਾਵ

ਨਿਕਰਾ ਪਿੰਡਾ ਵਿਚ ਪੇਠਾ ਸਾਉਣੀ ਰੁੱਤ ਦੀ ਮੁੱਖ ਫਸਲ ਬਣ ਚੁੱਕਾ ਹੈ । ਕਿਸਾਨ ਦੋਗਲੇ ਬੀਜਾਂ ਅਤੇ ਸੁਧਰੀਆਂ ਹੋਈਆਂ ਆਧੁਨਿਕ ਤਕਨੀਕਾਂ ਨਾਲ ਇਸ ਦੀ ਕਾਸ਼ਤ ਕਰ ਹਰੇ ਹਨ । ਉਹ ਇਸ ਫਸਲ ਤੋਂ ਲਾਹੇਵੰਦ ਪੈਸੇ ਕਮਾ ਰਹੇ ਹਨ ਅਤੇ ਇਹ ਖੇਤਰ ਪੇਠੇ ਦੀ ਖੇਤੀ ਲਈ ਮਸ਼ਹੂਰ ਹੋ ਰਿਹਾ ਹੈ । ਨਤੀਜੇ ਵਜੋਂ ਪੇਠੇ ਦੀ ਫਸਲ ਹੇਠ ਆਲੇ ਦੁਆਲੇ ਦੇ ਪਿੰਡਾਂ ਦੁਆਰਾ ਵੀ ਰਕਬਾ ਵਧਾਇਆ ਜਾ ਰਿਹਾ ਹੈ ਅਤੇ ਇਹ ਇਲਾਕੇ ਦੇ ਕਿਸਾਨਾਂ ਦੀ ਆਰਥਿਕ ਸਥਿਤੀ ਨੂੰ ਵੀ ਸੁਧਾਰ ਰਿਹਾ ਹੈ।





